
# ਛਾਤੀ ਦੀ ਜਾਂਚ ਦੌਰਾਨ ਕੀ ਹੁੰਦਾ ਹੈ?




## ਕਦਮ 1

ਬ੍ਰੈਸਟ ਸਕ੍ਰੀਨ ਕਰਨ ਵਾਲਾ ਵਿਅਕਤੀ ਤੁਹਾਨੂੰ ਵੇਟਿੰਗ ਰੂਮ (ਪ੍ਰਤੀਖਿਆ ਕਰਨ ਦੇ ਕਮਰੇ) ਤੋਂ ਲੈਣ ਆਵੇਗਾ ਅਤੇ ਤੁਹਾਨੂੰ ਬ੍ਰੈਸਟ ਸਕ੍ਰੀਨਿੰਗ ਰੂਮ ਵਿੱਚ ਲੈ ਜਾਵੇਗਾ। ਉਹ ਸਾਰੀ ਪ੍ਰਕਿਰਿਆ ਤੁਹਾਨੂੰ ਸਮਝਾਉਣਗੇ ਅਤੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣਗੇ।




## ਕਦਮ 2

ਜਦੋਂ ਤੁਸੀਂ ਇਸਦੇ ਲਈ ਤਿਆਰ ਹੋ, ਤਾਂ ਰੇਡੀਓਗ੍ਰਾਫਰ ਤੁਹਾਨੂੰ ਕਹੇਗਾ/ਗੀ ਕਿ ਤੁਸੀਂ ਉੱਤੇ ਜੋ ਵੀ ਪਾਇਆ ਹੋਇਆ ਹੈ, ਅਤੇ ਤੁਹਾਡੀ ਬ੍ਰਾ ਨੂੰ ਉਤਾਰ ਦਿਉ ਅਤੇ ਆਪਣੀਆਂ ਦੁੱਧੀਆਂ, ਇੱਕ-ਇੱਕ ਕਰ ਕੇ, ਛਾਤੀ ਦੀ ਸਕ੍ਰੀਨਿੰਗ ਵਾਲੀ ਮਸ਼ੀਨ ਦੀ ਹੇਠਲੀ ਪਲੇਟ ਉੱਤੇ ਰੱਖੋ। ਉਹ ਦੱਸਣਗੇ ਕਿ ਇਹ ਕਿਵੇਂ ਕਰਨਾ ਹੈ।



## ਕਦਮ 3

ਰੇਡੀਓਗ੍ਰਾਫਰ ਫਿਰ ਹਰੇਕ ਦੁੱਧੀ ਨੂੰ ਉੱਪਰਲੀ ਅਤੇ ਹੇਠਲੀ ਪਲੇਟ ਦੇ ਵਿਚਕਾਰ ਦਬਾਏਗਾ ਤਾਂ ਕਿ ਜਿੰਨਾ ਸੰਭਵ ਹੋ ਸਕੇ, ਲਏ ਗਏ ਚਿੱਤਰ ਸਾਫ਼-ਸਾਫ਼ ਆਉਣ। ਇਸ ਨਾਲ ਬੇਅਰਾਮੀ ਹੋ ਸਕਦੀ ਹੈ, ਪਰ ਦਰਦ ਨਹੀਂ ਹੋਣੀ ਚਾਹੀਦੀ। ਜੇ ਇਹ ਦਰਦ ਕਰਦਾ ਹੈ, ਤਾਂ ਤੁਸੀਂ ਛਾਤੀ ਦੀ ਹੋ ਰਹੀ ਜਾਂਚ ਨੂੰ ਰੋਕਣ ਲਈ ਕਹਿ ਸਕਦੇ ਹੋ।



## ਕਦਮ 4

ਮਸ਼ੀਨ ਹਰੇਕ ਦੁੱਧੀ ਦੀਆਂ ਘੱਟੋ-ਘੱਟ 2 ਤਸਵੀਰਾਂ ਲਵੇਗੀ - ਇੱਕ ਉੱਪਰ ਤੋਂ ਅਤੇ ਇੱਕ ਪਾਸੇ ਤੋਂ। ਇਹ ਤਸਵੀਰਾਂ ਬਾਅਦ ਵਿੱਚ ਘੱਟੋ-ਘੱਟ 2 ਡਾਕਟਰਾਂ ਦੁਆਰਾ ਪੜ੍ਹੀਆਂ ਜਾਣਗੀਆਂ ਜੋ ਛਾਤੀ ਦੇ ਕੈਂਸਰ ਲੱਭਣ ਲਈ ਵਿਸ਼ੇਸ਼ ਤੌਰ ‘ਤੇ ਸਿਖਲਾਈ ਪ੍ਰਾਪਤ ਹਨ। ਤੁਹਾਡੇ ਨਤੀਜੇ 2 ਤੋਂ 4 ਹਫ਼ਤਿਆਂ ਵਿੱਚ ਤਿਆਰ ਹੋ ਜਾਣਗੇ। ਜੇਕਰ ਕੈਂਸਰ ਦਾ ਪਤਾ ਲੱਗ ਜਾਂਦਾ ਹੈ, ਤਾਂ ਤੁਹਾਡਾ GP ਜਾਂ ਬ੍ਰੈਸਟ ਕਲੀਨਿਕ ਮਾਹਰ, ਇਲਾਜ ਦੇ ਵਿਕਲਪਾਂ ‘ਤੇ ਚਰਚਾ ਕਰੇਗਾ।

Australian Government
BreastScreen AUSTRALIA
A joint Australian, State and Territory Government Program
www.health.gov.au/bsa